ਡਾਇਰੈਕਟੋਰੇਟ ਸਿਹਤ ਤੇ ਪਰਿਵਾਰ ਭਲਾਈ ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ
ਨੈਸ਼ਨਲ ਵੈਕਟਰ ਬੌਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਸ਼ਾਖਾ
E-Mail: punjabnvbdcp@gmail.com
Phone/Fax. No. 0172-2603276

ਨੰ: ਐਨ ਵੀ ਬੀ ਡੀ ਸੀ ਪੀ /ਟੈਕ-2/ਪੰ:18/ 3014-40 ਮਿਤੀ 11/5/18

ਵੱਲ,

1. ਸਮੂਹ ਸਿਵਲ ਸਰਜਨ, ਪੰਜਾਬ ਰਾਜ।
2. ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਅਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ।
3. ਮੈਡੀਕਲ ਸੁਪਰਡੰਟ ਸਿਵਲ ਹਸਪਤਾਲ, ਜਲੰਧਰ।
4. ਮੈਡੀਕਲ ਸੁਪਰਡੰਟ ਮਾਤਾ ਕੌਸ਼ਲਿਆ ਹਸਪਤਾਲ ਪਟਿਆਲਾ।

ਵਿਸ਼ਾ:- ਡੇਂਗੂ ਅਤੇ ਚਿਕਨਗੁਨੀਆ ਬੁਖਾਰ ਤੋ ਬਚਾਓ ਅਤੇ ਰੋਕਥਾਮ ਕਰਨ ਲਈ ਜਰੂਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਉਣ ਬਾਰੇ।

ਹਵਲਾ:- ਇਸ ਦਫਤਰ ਦੇ ਪੱਤਰ ਨੰ.ਐਨ ਵੀ ਬੀ ਡੀ ਸੀ ਪੀ /ਟੈਕ-2/ਪੰ:17/3888-3910 ਮਿਤੀ 25/5/17, ਪੱਤਰ ਨੰ.ਐਨ ਵੀ ਬੀ ਡੀ ਸੀ ਪੀ /ਟੈਕ-2/ਪੰ:17/4010-93 ਮਿਤੀ 2/6/17, ਅਤੇ ਪੱਤਰ ਨੰ. ਨੰ: ਐਨ ਵੀ ਬੀ ਡੀ ਸੀ ਪੀ /ਟੈਕ-2/ਪੰ:17/4769-95 ਮਿਤੀ 30/6/17 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਡੇਂਗੂ ਦਾ ਟਰਾਂਸਮਿਸ਼ਨ ਸੀਜਨ ਸ਼ੁਰੂ ਹੋ ਚੁੱਕਾ ਹੈ।ਅਜਿਹੀ ਸਥਿਤੀ ਨੂੰ ਅਤਿ ਗੰਭੀਰਤਾ ਨਾਲ ਲੈਣ ਦੀ ਲੋੜ ਹੈ, ਡੇਂਗੂ ਅਤੇ ਚਿਕਨਗੁਨੀਆ ਬੁਖਾਰ ਤੋ ਬਚਾਓ ਅਤੇ ਰੋਕਥਾਮ ਲਈ ਜਿਲੇ ਵਿੱਚ ਗਤੀਵਿਧੀਆਂ ਤੇਜ ਕੀਤੀਆਂ ਜਾਣ।

1) ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਹਸਪਤਾਲਾਂ ਨੂੰ ਡੇਂਗੂ ਅਤੇ ਚਿਕਨਗੁਨੀਆ ਬੁਖਾਰ ਤੋ ਬਚਾਓ ਅਤੇ ਰੋਕਥਾਮ ਸਬੰਧੀ ਭਾਰਤ ਸਰਕਾਰ ਵੱਲੋਂ ਜਾਰੀ ਗਾਈਡਲਾਇਨਾਂ ਦਿੱਤੀਆਂ ਜਾਣ।
2) ਹਰੇਕ ਡੇਂਗੂ ਅਤੇ ਚਿਕਨਗੁਨੀਆ ਸ਼ੱਕੀ ਮਰੀਜ ਦੇ ਸੈਂਪਲ ਨੂੰ SSH ਵਿੱਚ ਤੁਰੰਤ ਟੈਸਟ ਲਈ ਭੇਜਿਆ ਜਾਵੇ।
3) ਸਾਰੇ ਸਰਕਾਰੀ ਹਸਪਤਾਲਾਂ, ਸਿਵਲ ਹਸਪਤਾਲ, ਸਬ ਡਵਿਜਨਲ ਹਸਪਤਾਲ, ਈ ਐਸ ਆਈ ਆਈਜ਼, ਸੀ ਐਚ ਸੀਜ਼ ਵਿੱਚ ਵੱਖਰੇ ਡੇਂਗੂ ਵਾਰਡ ਬਣਾਏ ਜਾਣ ਅਤੇ ਵਾਰਡ ਵਿੱਚ ਇੰਸੈਕਟੀਸਾਈਡ ਮੱਛਰਦਾਨੀਆ ਦਾ ਪ੍ਰਬੰਧ ਕੀਤਾ ਜਾਵੇ ਅਤੇ ਇਸ ਦੀ ਸੂਚਨਾ ਰਾਜ ਪੱਧਰ ਤੇ ਭੇਜੀ ਜਾਵੇ।
4) ਆਪਣੇ ਅਧੀਨ ਜਿਲੇ ਦੇ ਹਰ ਖੇਤਰ ਤੇ ਵਿਸ਼ੇਸ਼ ਨਜਰ ਰੱਖੀ ਜਾਵੇ। ਕਿਤੇ ਵੀ ਡੇਂਗੂ ਹੋਣ ਦਾ ਸ਼ੱਕੀ ਮਰੀਜ ਸੰਪਰਕ ਵਿਚ ਆਵੇ ਤਾਂ ਤੁਰੰਤ ਐਂਟੋਮੋਲੋਜੀਕਲ ਸਰਵੇ ਕਰਵਾਇਆ ਜਾਵੇ, ਲਾਰਵੀਸਾਈਡ ਅਤੇ ਇੰਸੈਕਟੀਸਾਈਡ ਦਾ ਛਿੜਕਾਅ ਕਰਵਾਇਆ ਜਾਵੇ ਅਤੇ ਐਕਸ਼ਨ ਟੇਕਨ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।
5) ਡੇਂਗੂ ਜਾਂ ਚਿਕਨਗੁਨੀਆ ਦੇ ਕੰਨਫਰਮ ਐਲਾਨੇ ਗਏ ਮਰੀਜਾਂ ਦੇ ਇਲਾਜ ਦੇ ਨਾਲ ਨਾਲ ਮਰੀਜ ਨਾਲ ਸਬੰਧਤ ਘਰ/ਇਲਾਕੇ ਵਿਚ ਤੁਰੰਤ ਲੋੜੀਦੀਆ ਗਤੀਵਿਧੀਆਂ ਕੀਤੀਆ ਜਾਣ। ਮਰੀਜ ਦੀ ਭੂਤਕਾਲੀ ਅਤੇ ਵਰਤਮਾਨ ਹਿਸਟਰੀ ਇਕੱਤਰ ਕੀਤੀ ਜਾਵੇ ਅਤੇ ਏ ਟੀ ਆਰ ਇਸ ਦਫਤਰ ਨੂੰ ਭੇਜੀ ਜਾਵੇ।
6) ਦੂਜੇ ਜਿਲਿਆ ਨਾਲ ਸਬੰਧਤ ਮਰੀਜਾ ਦੀ ਜਾਣਕਾਰੀ ਮਰੀਜ ਨਾਲ ਸਬੰਧਤ ਜਿਲੇ ਦੇ ਸਿਵਲ ਸਰਜਨ ਨੂੰ ਤੁਰੰਤ ਈ ਮੇਲ ਰਾਹੀ ਸੂਚਿਤ ਕੀਤਾ ਜਾਵੇ ਤਾਂ ਜੋ ਜਿਲ੍ਹੇ ਵੱਲੋ ਡੇਂਗੂ ਬੁਖਾਰ ਤੋ ਬਚਾਓ ਅਤੇ ਰੋਕਥਾਮ ਲਈ ਸਮੇ ਸਿਰ ਰੈਮੀਡੀਅਲ ਮਈਅਜ ਲਏ ਜਾ ਸਕਣ ।
7) ਵੱਖ- ਵੱਖ ਵਿਭਾਗਾਂ ਦੀ ਸ਼ਮੂਲੀਅਤ ਲਈ ਡਿਪਟੀ ਕਮਿਸਨਰ ਦੀ ਪ੍ਰਧਾਨਗੀ ਹੇਠ ਤੁਰੰਤ ਮੀਟਿੰਗ ਬੁਲਾਈ ਜਾਵੇ ਤਾਂ ਜੋ ਡੇਂਗੂ,ਚਿਕਨਗੁਨੀਆਂ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਤੋ ਬਚਾਓ ਅਤੇ ਰੋਕਥਾਮ ਲਈ ਉਚੇਚੇ ਉਪਰਾਲੇ ਕੀਤੇ ਜਾ ਸਕਣ। ਮੀਟਿੰਗ ਦੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

8) ਮਿਊਸਪਲ ਕਮੇਟੀਆਂ ਅਤੇ ਮਿਊਂਸਪਲ ਕਾਰਪੋਰੇਸਨਾਂ ਨੂੰ ਡੇਂਗੂ ਅਤੇ ਚਿਕਨਗੁਨੀਆ ਬੁਖਾਰ ਤੋ ਬਚਾਓ ਅਤੇ ਰੋਕਥਾਮ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਰੋਜਾਨਾ ਡੇਂਗੂ ਦੇ ਮਰੀਜਾਂ ਅਤੇ ਬਰੀਡਿੰਗ ਵਾਲੇ ਇਲਾਕਿਆਂ ਦੀ ਸੂਚਨਾ ਮਿਉਂਸਪਲ ਕਮੇਟੀ ਨੂੰ ਭੇਜੀ ਜਾਵੇ ਤਾਂ ਜੋ ਉਹਨਾ ਵੱਲੋਂ ਸਬੰਧਤ ਇਲਾਕਿਆਂ ਵਿੱਚ ਕਾਰਵਾਈ ਕੀਤੀ ਜਾ ਸਕੇ।

9) ਸਾਰੇ ਪ੍ਰਾਈਵੇਟ ਹਸਪਤਾਲਾਂ ਅਤੇ ਡਾਕਟਰਾਂ ਨੂੰ ਆਈ ਐਮ ਏ ਦੇ ਸਹਿਯੋਗ ਨਾਲ NVBDCP ਦੇ ਪੋਰਟਲ www.punjabnvbdcp.in ਜਾਣਕਾਰੀ ਦਿੱਤੀ ਜਾਵੇ ਤਾਂ ਜੋ ਪ੍ਰਾਈਵੇਟ ਹਸਪਤਾਲਾਂ ਅਤੇ ਡਾਕਟਰਾਂ ਵੱਲੋਂ ਡੇਂਗੂ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਬਾਰੇ ਮਰੀਜਾਂ ਦੇ ਵੇਰਵੇ ਸਿੱਧੇ ਹੀ ਪੋਰਟਲ ਤੇ ਪਾਏ ਜਾ ਸਕਣ।

10) ਅਪਣੇ ਜਿਲੇ ਦੇ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਹਰੇਕ ਥਾਂ ਤੇ ਕੀਤੀਆਂ ਜਾ ਰਹੀਆਂ ਜਾਗਰੂਕਤਾ ਗਤੀਵਿਧੀਆਂ ਦੌਰਾਨ ਸਿਹਤ ਵਿਭਾਗ ਵੱਲੋਂ ਤਿਆਰ ਕੀਤੀ App. "Dengue Free Punjab" ਬਾਰੇ ਜਾਣਕਾਰੀ ਦਿੱਤੀ ਜਾਵੇ. ਇਹ App google play store ਤੋਂ ਮੁਫਤ ਡਾਉਨਲੋਡ ਕੀਤੀ ਜਾ ਸਕਦੀ ਹੈ। ਡੇਂਗੂ ਬਾਰੇ ਲੋਕਾਂ ਨੂੰ ਵਧੇਰੇ ਜਾਣਕਾਰੀ ਲੈਣ ਲਈ ਇਹ ਐਪ ਬਹੁਤ ਲਾਹੇਬੰਦ ਸਿੱਧ ਹੋ ਸਕਦੀ ਹੈ।

11) ਸਾਰੇ ਸਕੂਲਾਂ (ਸਰਕਾਰੀ ਅਤੇ ਪ੍ਰਾਈਵੇਟ) ਵਿੱਚ ਡੇਂਗੂ ਬੁਖਾਰ ਤੋ ਰੋਕਥਾਮ ਅਤੇ ਬਚਾਓ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇ ਜੀ।

12) ਹਰ ਹਫਤੇ ਦੇ ਸ਼ੁਕਰਵਾਰ (ਡਰਾਈ ਡੇ ਫਰਾਈਡੇ)ਵਾਲੇ ਦਿਨ ਅਪਣੇ ਅਧੀਨ ਦਫਤਰਾਂ, ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਕੂਲਰਾਂ, ਛੱਤਾਂ ਤੇ ਪਈਆਂ ਟੈਂਕੀਆਂ ਜਾਂ ਹੋਰ ਕਿਸੇ ਪਾਣੀ ਦੇ ਕੰਨਟੇਨਰਾਂ ਸਾਫ ਕਰਕੇ ਸੁਕਾਇਆ ਜਵੇ।

13) ਸਿਹਤ ਵਿਭਾਗ ਦੇ ਕਿਸੇ ਵੀ ਸਰਕਾਰੀ ਦਫਤਰਾਂ, ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੱਛਰਾਂ ਦੀ ਬਰੀਡਿੰਗ ਨਹੀਂ ਮਿਲਣੀ ਚਾਹੀਦੀ ਹੈ। ਜਿੱਥੇ ਕਿਤੇ ਬਰੀਡਿੰਗ ਪਾਈ ਜਾਂਦੀ ਉਹਨਾਂ ਥਾਵਾਂ ਤੇ ਇੰਨਸੈਕਟੀਸਾਈਡ/ਲਾਰਵੀਸਾਈਡ ਦਾ ਛਿੜਕਾਅ ਕੀਤਾ ਜਾਵੇ।

14) ਜੇਕਰ ਕਿਸੇ ਸਰਕਾਰੀ ਹਸਪਤਾਲ/ਸੰਸਥਾ/ਦਫਤਰਾਂ ਦੇ ਕੂਲਰਾਂ, ਛੱਤਾਂ ਤੇ ਪਈਆਂ ਟੈਂਕੀਆਂ ਜਾਂ ਹੋਰ ਕਿਸੇ ਪਾਣੀ ਦੇ ਕੰਨਟੇਨਰਾਂ ਵਿੱਚ ਮੱਛਰਾਂ ਦੀ ਬਰੀਡਿੰਗ ਪਾਈ ਜਾਦੀ ਹੈ ਤਾਂ ਉਸ ਸੰਸਥਾ ਦੇ ਇੰਚਾਰਜ ਦਾ ਐਮ ਸੀ ਐਕਟ ਅਧੀਨ ਚਲਾਨ ਕੱਟਿਆ ਜਾਵੇਗਾ।

ਸ/ਡ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ

ਪਿੱਠ ਅੰ:ਨੰ:ਐਨ.ਵੀ.ਬੀ.ਡੀ.ਸੀ.ਪੀ/ਟੈਕ-2/ਪੰ:18/ 3041-45 ਮਿਤੀ 11-5-2018

ਉਪਰੋਕਤ ਦਾ ਉਤਾਰਾ:-

1) ਨਿਜੀ ਸਹਾਇਕ/ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ,ਚਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2) ਪੀ ਏ ਟੂ ਮਿਸ਼ਨ ਡਾਇਰੈਕਟਰ ਐਨ ਐਚ ਐਮ,ਪੰਜਾਬ, ਚੰਡੀਗੜ੍ਹ, ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
3) ਪ੍ਰਮੁੱਖ ਸਕੱਤਰ, ਡਾਕਟਰੀ ਸਿਖਿਆ ਅਤੇ ਖੋਜ ਵਿਭਾਗ ਪੰਜਾਬ, ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
4) ਡਾਇਰੈਕਟਰ, ਡਾਕਟਰੀ ਸਿਖਿਆ ਅਤੇ ਖੋਜ ਵਿਭਾਗ ਪੰਜਾਬ, ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
5) ਸੀਨੀਅਰ ਡਾਇਰੈਕਟਰ, ਰਿਜਨਲ ਆਫਿਸ, ਸਿਹਤ ਤੇ ਪਰਿਵਾਰ ਭਲਾਈ, ਕੇਦਰੀ ਸਦਨ,ਸੈਕਟਰ-9ਏ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਸ/ਡ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ